# ਅਮਰੀਕਾ ਨਾਲ ਭਾਰਤ ਦੀ ਦੋਸਤਾਨਾ ਸਾਂਝ

-ਪ੍ਰੋ. ਪੁਸ਼ਪੇਸ਼ ਪੰਤ-

ਦੁਨੀਆ ਨੂੰ ਦਿਸ਼ਾ ਦੇਣ ਵਾਲੇ ਦੇਸ਼ ਅਮਰੀਕਾ ਵਿੱਚ ਨਵਾਂ ਨਿਜ਼ਾਮ ਬਣ ਚੁੱਕਿਆ ਹੈ। ਡੈਮੋਕ੍ਰੇਟ ਉਮੀਦਵਾਰ ਜੋਅ ਬਾਇਡਨ ਰਾਸ਼ਟਰਪਤੀ ਚੁਣੇ ਗਏ ਹਨ। ਅੱਜ ਤੱਕ ਵੀ ਦੁਨੀਆ ਦਾ ਹਰ ਕੋਨਾ ਅਮਰੀਕੀ ਨੀਤੀਆਂ ਤੋਂ ਪ੍ਰਭਾਵਤ ਹੁੰਦਾ ਹੈ। ਕਮਿਊਨਿਸਟ ਦੇਸ਼ ਚੀਨ ਕਿੰਨੀ ਵੀ ਤਰੱਕੀ ਅਤੇ ਤਾਕਤ ਹਾਸਲ ਕਰ ਲਵੇ, ਅੱਜ ਵੀ ਉਸ ਦੇ ਰਾਸ਼ਟਰਪਤੀ ਅਮਰੀਕਾ ਜਿਹੀ ਫੌਜੀ ਸਮਰੱਥਾ ਹਾਸਲ ਕਰਨ ਦਾ ਭਵਿੱਖ 'ਚ ਟੀਚਾ ਤੈਅ ਕਰਨ ਨੂੰ ਮਜਬੂਰ ਹਨ। ਭਾਰਤ ਅੱਜ ਅਮਰੀਕਾ ਦੀ ਲੋੜ ਬਣ ਚੁੱਕਾ ਹੈ। ਇਸ ਲਈ ਸਮਾਜਵਾਦੀ ਕਦਰਾਂ ਵਾਲੀ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਬਰਾਕ ਓਬਾਮਾ ਹੋਣ ਜਾਂ ਪੂਰੀ ਤਰ੍ਹਾਂ ਰਾਸ਼ਟਰਵਾਦੀ ਰਿਪਬਲਿਕਨ ਪਾਰਟੀ ਦੇ ਡੋਨਾਲਡ ਟਰੰਪ, ਸਭ ਨੂੰ ਏਸ਼ੀਆ 'ਚ ਭਾਰਤ ਜਿਹਾ ਕੋਈ ਸਾਂਝੀਦਾਰ ਦੇਸ਼ ਨਹੀਂ ਦਿੱਸ ਰਿਹਾ। ਭਾਰਤ ਦਾ ਦੁਨੀਆ 'ਚ ਅੱਜ ਇੱਕ ਵੱਖਰਾ ਮੁਕਾਮ ਹੈ। ਅਮਰੀਕਾ ਸਾਹਮਣੇ ਵਧਦੀ ਚੀਨੀ ਚੁਣੌਤੀ ਭਾਰਤ ਨੂੰ ਭਰੋਸੇਮੰਦ ਦੋਸਤ ਵਜੋਂ ਦੇਖਣ ਲਈ ਉਸ ਨੂੰ ਮਜਬੂਰ ਕਰਦੀ ਹੈ। ਇਸ ਸੂਰਤ ਵਿੱਚ ਸੰਸਾਰ ਮੰਚ 'ਤੇ ਭਾਰਤ ਨੂੰ ਨਜ਼ਰ ਅੰਦਾਜ਼ ਕਰਨਾ ਕਿਸੇ ਵੀ ਦੇਸ਼ ਲਈ ਕੀ, ਮਹਾਸ਼ਕਤੀ ਲਈ ਵੀ ਸੰਭਵ ਨਹੀਂ ਹੋਵੇਗਾ। ਏਸ਼ੀਆ ਸੰਬੰਧੀ ਅਮਰੀਕੀ ਵਿਦੇਸ਼ ਨੀਤੀ ਦੀ ਮਜਬੂਰੀ ਉਸ ਨੂੰ ਭਾਰਤ ਨੂੰ ਕੇਂਦਰ 'ਚ ਰੱਖਣ ਲਈ ਲਾਚਾਰ ਕਰੇਗੀ।

ਜੋਅ ਬਾਇਡਨ ਦੇ ਅਮਰੀਕੀ ਰਾਸ਼ਟਰਪਤੀ ਚੁਣੇ ਜਾਣ 'ਤੇ ਹਰ ਕੋਈ ਜਾਨਣਾ ਚਾਹੁੰਦਾ ਹੈ ਕਿ ਭਾਰਤ ਨਾਲ ਉਨ੍ਹਾਂ ਦੇ ਸੰਬੰਧ ਕਿਦਾਂ ਦੇ ਹੋਣਗੇ? ਭਾਰਤ ਇਸ ਸਮੇਂ ਵਿਵਾਦਤ ਹਿਮਾਲਿਆਈ ਸਰਹੱਦ 'ਤੇ ਚੀਨ ਦੀ ਘੁਸਪੈਠ ਦਾ ਸਾਹਮਣਾ ਕਰ ਰਿਹਾ ਹੈ। ਇਸ ਸੰਘਰਸ਼ 'ਚ ਅਮਰੀਕਾ ਸਭ ਤੋਂ ਭਰੋਸੇਮੰਦ ਭਾਈਵਾਲ ਨਜ਼ਰ ਆਉਂਦਾ ਹੈ। ਇਸ ਦਾ ਕਾਰਨ ਭਾਰਤ ਪ੍ਰਤੀ ਅਮਰੀਕਾ ਦਾ ਕੋਈ ਸੁਭਾਵਿਕ ਪਿਆਰ ਜਾਂ ਰਵਾਇਤੀ ਭਾਈਚਾਰਾ ਨਹੀਂ, ਸਗੋਂ ਦੋਵੇਂ ਦੇਸ਼ਾਂ ਦੇ ਰਾਸ਼ਟਰੀ ਹਿੱਤਾਂ ਦਾ ਆਪਸ 'ਚ ਜੁੜੇ ਹੋਣਾ ਹੈ। ਚੀਨ ਦੇ ਦੱਖਣ 'ਚ ਚੀਨ ਸਾਗਰ ਅਤੇ ਪ੍ਰਸ਼ਾਂਤ ਖੇਤਰ ਵਿੱਚ ਫੌਜ ਦੇ ਵਿਸਥਾਰ ਨੂੰ ਦੇਖਦਿਆਂ ਅਮਰੀਕਾ ਨੂੰ ਲੱਗਦਾ ਹੈ ਕਿ ਚੀਨ ਵਿਸ਼ਵ ਦੀ ਸਭ ਤੋਂ ਤਾਕਤਵਰ ਸ਼ਕਤੀ ਵਜੋਂ ਖੁਦ ਨੂੰ ਸਥਾਪਤ ਕਰਨ ਰੁੱਝਾ ਹੋਇਆ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਸੋਚ ਹੈ ਕਿ ਅੱਜ ਅਮਰੀਕਾ ਟਰੰਪ ਦੀ ਦੂਰਦਰਸ਼ਿਤਾ ਦੀ ਘਾਟ ਕਾਰਨ ਖਸਤਾ ਹਾਲ ਹੈ ਅਤੇ ਫਿਲਹਾਲ ਪੁਤਿਨ ਵੀ ਯੂਕਰੇਨ, ਕ੍ਰੀਮੀਆ ਅਤੇ ਮੱਧ ਪੂਰਬ 'ਚ ਉਲਝੇ ਹਨ। ਇਹੋ ਮੌਕਾ ਚੀਨ ਦੇ ਇੱਕ-ਧਰੁਵੀ ਕਬਜ਼ੇ ਨੂੰ ਕਾਇਮ ਕਰਨ ਦਾ ਹੈ। ਯੂਰਪੀ ਭਾਈਚਾਰਾ ਬ੍ਰੈਗਜ਼ਿਟ ਸੰਕਟ ਨਾਲ ਘਿਰਿਆ ਹੈ ਅਤੇ ਏਸ਼ੀਆ ਅਤੇ ਅਫਰੀਕਾ ਦੇ ਕਈ ਦੇਸ਼ਾਂ ਨੂੰ ਚੀਨ ਆਪਣੇ ਅਰਬਾਂ ਡਾਲਰ ਦੇ ਉਧਾਰ ਦੇ ਬੋਝ ਨਾਲ ਦਬਾ ਕੇ ਆਪਣੇ ਸ਼ਿਕੰਜੇ ਵਿੱਚ ਫਸ ਚੁੱਕਾ ਹੈ। ਇਹ ਕੰਮ ਉਸ ਨੇ ਵੱਡੀ ਸਾਜ਼ਿਸ਼ ਨਾਲ ਪੂਰਾ ਕੀਤਾ ਹੈ, ਜਿਸ ਨੂੰ 'ਵਨ ਬੇਲਟ ਵਨ ਰੋਡ' ਨਾਂਅ ਦਿੱਤਾ ਜਾਂਦਾ ਹੈ, ਜਿਸ ਨੂੰ ਸ਼ੀ ਜਿਨਪਿੰਗ ਆਪਣੇ ਰਾਜ ਦੀ ਸਭ ਤੋਂ ਵੱਡੀ ਪ੍ਰਾਪਤੀ ਬਣਾਉਣਾ ਚਾਹੁੰਦੇ ਹਨ।

ਜਿਨਪਿੰਗ ਦੀ ਸੋਚ ਕਾਰਨ ਬਣੇ ਇਹ ਹਾਲਾਤ ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਤੋਂ ਬਾਅਦ ਰੱਤੀ ਭਰ ਵੀ ਬਦਲਣ ਵਾਲੇ ਨਹੀਂ। ਇਸ ਲਈ ਡਿਪਲੋਮੇਟਿਕ ਮਿੱਤਰ ਸੰਧੀ ਤੋਂ ਬਗੈਰ ਵੀ ਭਾਰਤ ਲਈ ਉਸ ਦੀ ਪਹਿਲ ਬਰਕਰਾਰ ਰਹੇਗੀ। ਆਰਥਿਕ



ਮਾਮਲਿਆਂ ਵਿੱਚ ਵੀ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ 'ਚ ਜ਼ਿਆਦਾ ਉਲਟਫੇਰ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਜਦੋਂ ਤੋਂ ਭਾਰਤ ਨੇ ਆਰਥਿਕ ਉਦਾਰੀਕਰਨ ਅਤੇ ਸੁਧਾਰਾਂ ਦਾ ਮੁੱਢ ਬੰਨ੍ਹਿਆ ਹੈ, ਸਾਡੇ ਤੇ ਉਨ੍ਹਾਂ ਵਿਚਾਲੇ ਕੋਈ ਵਿਚਾਰਧਾਰਕ ਤਰੇੜ ਨਹੀਂ। ਸਮਾਜਵਾਦੀ ਕੱਟੜਪੰਥੀ ਨੂੰ ਤਿਲਾਂਜਲੀ ਦੇ ਕੇ ਭਾਰਤ ਵੀ ਪੂੰਜੀਵਾਦੀ ਢਾਂਚੇ ਨੂੰ ਅਪਣਾ ਚੁੱਕਾ ਹੈ। ਇੱਥੇ ਵੀ ਬਾਜ਼ਾਰ ਦੇ ਤਰਕ ਅਤੇ ਲੋੜ ਅਨੁਸਾਰ ਆਰਥਿਕ ਵਿਕਾਸ ਦੀਆਂ ਨੀਤੀਆਂ ਤੈਅ ਹੁੰਦੀਆਂ ਹਨ। ਕਦੇ-ਕਦੇ ਜੋ ਮੱਤਭੇਦ ਦੇਖਣ ਨੂੰ ਮਿਲਦੇ ਹਨ, ਉਹ ਅਜਿਹੇ ਨਹੀਂ, ਜਿਨ੍ਹਾਂ ਦਾ ਹੱਲ ਡਿਪਲੋਮੇਸੀ ਨਾਲ ਕੀਤਾ ਜਾ ਸਕਦਾ ਹੈ। ਅਮਰੀਕਾ ਵਿੱਚ ਚੋਣਾਂ ਦੇ ਵਰ੍ਹੇ ਵਿੱਚ 'ਫਸਟ ਅਮਰੀਕਾ' ਜਾਂ 'ਮੇਡ ਇਨ ਅਮਰੀਕਾ' ਦੇ ਨਾਅਰੇ ਬੁਲੰਦ ਕਰਨਾ ਉਮੀਦਵਾਰਾਂ ਦੀ ਮਜਬੂਰੀ ਹੋ ਗਈ ਹੈ। ਉਸ ਦੇਸ਼ ਨੇ ਚੀਨ ਵਿਰੁੱਧ ਬਾਕਾਇਦਾ ਵਪਾਰਕ ਯੁੱਧ ਦਾ ਐਲਾਨ ਕੀਤਾ ਹੈ ਅਤੇ ਉਸ 'ਤੇ ਸਖਤ ਆਰਥਿਕ ਪਾਬੰਦੀਆਂ ਲਾਈਆਂ ਹਨ। ਅਜਿਹਾ ਕੋਈ ਕਦਮ ਭਾਰਤ ਖਿਲਾਫ ਪ੍ਰਸਤਾਵਿਤ ਨਹੀਂ। ਆਖਰ ਅਮਰੀਕੀ ਕੰਪਨੀਆਂ ਆਪਣੇ ਲਾਭ ਅਤੇ ਲਾਗਤ ਦਾ ਹਿਸਾਬ ਲਾ ਕੇ ਆਪਣੀ ਸਰਕਾਰ 'ਤੇ ਦਬਾਅ ਪਾਉਣਗੀਆਂ ਕਿ ਬੀ ਪੀ ਓ ਅਤੇ ਕਾਲ ਸੈਂਟਰਾਂ ਤੋਂ ਇਲਾਵਾ ਭਾਰਤ 'ਚ ਬਹੁ-ਕੌਮੀ ਕੰਪਨੀਆਂ ਆਪਣਾ ਕਾਰੋਬਾਰ ਵਧਾਉਣਗੀਆਂ। ਚੀਨ ਦੇ ਮੁਕਾਬਲੇ ਭਾਰਤ ਦਾ ਸਮਰੱਥ ਬਾਜ਼ਾਰ ਅਤੇ ਕੁਸ਼ਲ ਭੰਡਾਰ ਇਨ੍ਹਾਂ ਨੂੰ ਵੱਧ ਆਕਰਸ਼ਕ ਲੱਗੇਗਾ। ਤੇਲ, ਗੈਸ ਹੋਵੇ ਜਾਂ ਸਵੱਛ ਊਰਜਾ, ਅਮਰੀਕਾ ਦੇ ਕਾਰੋਬਾਰੀ ਇਨ੍ਹਾਂ ਦੇ ਐਕਸਪੋਰਟ ਲਈ ਭਾਰਤਮੁਖੀ ਰਹਿਣਗੇ। ਫੌਜ ਦੇ ਸਾਜ਼ੋ-ਸਾਮਾਨ, ਕੰਪਿਊਟਰ ਅਤੇ ਫਾਰਮਾ ਤਕਨੀਕ ਦੇ ਮਾਮਲੇ ਵਿੱਚ ਵੀ ਭਾਰਤ ਦੀ ਤੁਲਨਾ ਕਿਸੇ ਹੋਰ ਦੇਸ਼ ਨਾਲ ਨਹੀਂ ਕੀਤੀ ਜਾ ਸਕਦੀ।

ਭਾਰਤ ਤੇ ਅਮਰੀਕਾ ਵਿਚਾਲੇ ਜਮਹੂਰੀ ਭਾਈਚਾਰੇ ਦਾ ਰਿਸ਼ਤਾ ਹੈ। ਅਮਰੀਕਾ ਸਭ ਤੋਂ ਪੁਰਾਣਾ ਲੋਕਤੰਤਰ ਹੈ ਅਤੇ ਭਾਰਤ ਸਭ ਤੋਂ ਵੱਡਾ। ਇਸ ਤੋਂ ਬਿਨਾ ਅੰਗਰੇਜ਼ੀ ਭਾਸ਼ਾ, ਅਮਰੀਕੀ ਖਾਣ-ਪਾਣ, ਪਹਿਰਾਵੇ ਅਤੇ ਮਨੋਰੰਜਨ ਦੀ ਸੰਸਾਰ ਪ੍ਰਵਾਨਗੀ ਤੋਂ ਭਾਰਤ ਅਛੂਤਾ ਨਹੀਂ। ਅਮਰੀਕਾ 'ਚ ਰਹਿਣ ਵਾਲੇ ਭਾਰਤਵੰਸ਼ੀਆਂ ਦੀ ਸਮਰੱਥਾ ਅਤੇ ਯੋਗਤਾ ਨੂੰ ਅਮਰੀਕੀ ਪ੍ਰਸ਼ਾਸਨ ਅਣਡਿੱਠ ਨਹੀਂ ਕਰ ਸਕਦਾ। ਕਈ ਮਹੱਤਵ ਪੂਰਨ ਅਮਰੀਕੀ ਕੰਪਨੀਆਂ ਦੀ ਕਮਾਂਡ ਅਮਰੀਕੀ-ਭਾਰਤੀਆਂ ਦੇ ਹੱਥ ਹੈ। ਅਜਿਹੇ ਭਾਰਤਵੰਸ਼ੀ ਅਮਰੀਕੀਆਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਅਮਰੀਕਾ 'ਚ ਭਾਰਤ ਵੰਸ਼ੀਆਂ ਦੀ ਗਿਣਤੀ 'ਚ ਪਿਛਲੇ ਅੱਠ ਸਾਲਾਂ ਵਿੱਚ ਪੰਜਾਹ ਫੀਸਦੀ ਵਾਧਾਂ ਹੋਇਆ ਹੈ। ਭਾਰਤੀ ਮੂਲ ਦੇ ਲੋਕ ਇਸ ਦੇਸ਼ 'ਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਗਰੁੱਪਾਂ ਵਿੱਚੋਂ ਇੱਕ ਹਨ। ਸਾਲ 2010 'ਚ 17.8 ਲੱਖ ਤੋਂ ਵਧ ਕੇ ਇਨ੍ਹਾਂ ਦੀ ਗਿਣਤੀ 2018 ਵਿੱਚ 26.5 ਲੱਖ ਹੋ ਚੁੱਕੀ ਹੈ।

ਅਮਰੀਕਾ ਵਿੱਚ ਬਦਲੇ ਨਿਜ਼ਾਮ ਤੋਂ ਬਾਅਦ ਹਰ ਕਿਸੇ ਦੇ ਜ਼ਿਹਨ 'ਚ ਇਹੋ ਸਵਾਲ ਹੈ ਕਿ ਨਵੇਂ ਰਾਸ਼ਟਰਪਤੀ ਬਾਇਡਨ ਵੀ ਡੋਨਾਲਡ ਟਰੰਪ ਵਾਂਗ ਚੀਨ ਖਿਲਾਫ ਭਾਰਤ ਦਾ ਖੁੱਲ੍ਹ ਕੇ ਸਮਰਥਨ ਕਰਨਗੇ। ਪਹਿਲੀ ਗੱਲ ਤਾਂ ਇਹ ਹੈ ਕਿ ਅਮਰੀਕਾ 'ਚ ਦੋਵੇਂ ਪਾਰਟੀਆਂ ਇਸ ਗੱਲ ਦਾ ਪੁਰਜ਼ੋਰ ਸਮਰਥਨ ਕਰਦੀਆਂ ਹਨ ਕਿ ਭਾਰਤ ਨਾਲ ਉਨ੍ਹਾਂ ਦੇ ਦੇਸ਼ ਦੇ ਆਰਥਿਕ ਅਤੇ ਰਾਜਨੀਤਕ ਸੰਬੰਧ ਮਜ਼ਬੂਤ ਹੋਣੇ ਚਾਹੀਦੇ ਹਨ। ਅਮਰੀਕਾ ਏਸ਼ੀਆ 'ਚ ਚੀਨ ਦੇ ਉਭਾਰ ਦਾ ਅਰਥ ਅਤੇ ਭਾਰਤ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਇਸ ਲਈ ਬਾਇਡਨ ਏਸ਼ੀਆ ਵਿੱਚ ਅਮਰੀਕਾ ਦੀਆਂ ਜੜ੍ਹਾਂ ਨੂੰ ਪੁਨਰ ਜੀਵਿਤ ਕਰਨ ਅਤੇ ਕਵਾਡ 'ਚ ਨਵੀਂ ਊਰਜਾ ਭਰਨ ਦਾ ਕੰਮ ਕਰਨਗੇ। ਸਥਿਤੀਆਂ ਵਿੱਚ ਭਾਰਤ ਦੀ ਭੂਮਿਕਾ ਅਹਿਮ ਹੋਵੇਗੀ। ਭਾਰਤ ਨਾਲ ਜਿਨ੍ਹਾਂ ਮੁੱਦਿਆਂ 'ਤੇ ਅੱਜ ਤੱਕ ਅਮਰੀਕਾ ਨੇ ਆਪਸੀ ਸਹਿਯੋਗ ਸ਼ੁਰੂ ਕੀਤਾ ਸੀ, ਉਨ੍ਹਾਂ ਨੂੰ ਜਾਰੀ ਰੱਖਣ ਦੇ ਨਾਲ ਹੋਰ ਮਜ਼ਬੂਤੀ ਦਿੱਤੀ ਜਾ ਸਕਦੀ ਹੈ। ਚੀਨ ਬਾਰੇ ਬਿਆਨਬਾਜ਼ੀ ਦੇ ਸੰਬੰਧ ਵਿੱਚ ਅਮਰੀਕੀ ਰੁਖ਼ ਥੋੜ੍ਹਾ ਨਰਮ ਹੋ ਸਕਦਾ ਹੈ। ਟਰੰਪ ਪ੍ਰਸ਼ਾਸਨ ਦੇ ਖਰਚ 'ਚ ਕਟੌਤੀ, ਲੋਕ ਲੁਭਾਊ ਗੱਲਾਂ ਅਤੇ ਰਾਸ਼ਟਰਵਾਦ ਦੇ ਮੁੱਦੇ ਛੱਡਦੇ ਹੋਏ ਅਮਰੀਕਾ ਸੰਸਾਰ ਮਾਮਲਿਆਂ 'ਤੇ ਜ਼ੋਰ ਦੇਵੇਗਾ ਅਤੇ ਇਨ੍ਹਾਂ ਨੂੰ ਆਪਣੀਆਂ ਤਰਜੀਹਾਂ ਵਿੱਚ ਸ਼ਾਮਲ ਕਰੇਗਾ।

ਟਰੰਪ ਪ੍ਰਸ਼ਾਸਨ ਨੇ ਭਾਰਤ ਦੇ ਅੰਦਰੂਨੀ ਧਾਰਮਿਕ ਸੰਘਰਸ਼ ਅਤੇ ਮਨੁੱਖੀ ਅਧਿਕਾਰ ਦੇ ਕੇਸਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰ ਦਿੱਤਾ ਸੀ, ਪਰ ਅਸੀਂ ਯਾਦ ਰੱਖੀਏ ਕਿ ਸ਼ੁਰੂ ਤੋਂ ਹੀ ਅਮਰੀਕੀ ਡੈਮੋਕ੍ਰੇਟ ਰਾਸ਼ਟਰਪਤੀ ਮਨੁੱਖੀ ਅਧਿਕਾਰ, ਆਜ਼ਾਦੀ ਅਤੇ ਜਮਹੂਰੀਅਤ ਦੀਆਂ ਕਦਰਾਂ ਪ੍ਰਤੀ ਗੰਭੀਰ ਰਹੇ ਹਨ। ਅਮਰੀਕਾ ਜਮਹੂਰੀ ਦੇਸ਼ ਵਜੋਂ ਭਾਰਤ ਦੀ ਹਮਾਇਤ ਕਰਦਾ ਰਹੇਗਾ ਅਤੇ ਸਾਂਝੇ ਹਿੱਤਾਂ 'ਤੇ ਗੱਲਬਾਤ ਜਾਰੀ ਰਹੇਗੀ। ਉਂਜ ਬਾਇਡਨ ਦਾ ਫਿਰਕੂਵਾਦ ਅਤੇ ਕਸ਼ਮੀਰ ਬਾਰੇ ਨਜ਼ਰੀਆ ਵੱਖਰਾ ਹੋ ਸਕਦਾ ਹੈ। ਜੇ ਅਸੀਂ ਅਮਰੀਕਾ ਦੀ ਪਾਕਿਸਤਾਨ ਨੀਤੀ ਨੂੰ ਦੇਖੀਏ ਤਾਂ ਪਾਕਿਸਤਾਨ ਨਾਲ ਬਾਇਡਨ ਦੇ ਸੰਬੰਧ ਇਸ ਗੱਲ 'ਤੇ ਨਿਰਭਰ ਹੋਣਗੇ ਕਿ ਅਫਗਾਨਿਸਤਾਨ ਵਿੱਚ ਚੀਜ਼ਾਂ ਕਿਸ ਤਰ੍ਹਾਂ ਅੱਗੇ ਵਧਦੀਆਂ ਹਨ। ਜਦੋਂ ਤੱਕ ਅਫਗਾਨਿਸਤਾਨ 'ਚ ਸ਼ਾਂਤੀ ਪ੍ਰਕਿਰਿਆ ਜਾਰੀ ਹੈ ਅਤੇ ਪਾਕਿਸਤਾਨ ਇਸ 'ਚ ਲੱਗਾ ਹੋਇਆ ਹੈ, ਉਦੋਂ ਤੱਕ ਬਾਇਡਨ ਇਸਲਾਮਾਬਾਦ ਨਾਲ ਨਜ਼ਦੀਕੀਆਂ ਯਕੀਨੀ ਬਣਾਉਣਾ ਚਾਹੁਣਗੇ।

ਨਵੀਂ ਦਿੱਲੀ ਦੇ ਵਿਰੋਧ ਕਾਰਨ ਬਾਇਡਨ ਲਈ ਨਾ ਸਿਰਫ ਪਾਕਿਸਤਾਨ ਨਾਲ ਸੰਬੰਧ ਗੂੜ੍ਹੇ ਕਰਨਾ ਔਖਾ ਹੋਵੇਗਾ ਸਗੋਂ ਇਸ ਲਈ ਵੀ ਕਿ ਇਸਲਾਮਾਬਾਦ ਦੇ ਅਮਰੀਕਾ ਦੇ ਸਭ ਤੋਂ ਵੱਡੇ ਮੁਕਾਬਲੇਬਾਜ਼ ਚੀਨ ਨਾਲ ਗੂੜ੍ਹੇ ਸੰਬੰਧ ਹਨ।

# ਮਿੰਨੀ ਕਹਾਣੀਆਂ

## ਨੈਗੇਟਿਵ ਰਿਪੋਰਟ ਦਾ ਕਮਾਲ

-ਕੰਵਰਦੀਪ ਸਿੰਘ ਭੱਲਾ

14 ਦਿਨ ਦੀ ਜੱਦੋਜਹਿਦ ਬਾਅਦ ਇੱਕ ਆਦਮੀ ਆਪਣੀ ਕੋਰੋਨਾ ਨੈਗਟਿਵ 'ਰਿਪੋਰਟ ਹੱਥ ਵਿੱਚ ਲੈ ਕੇ ਹਸਪਤਾਲ ਖੜਾ ਸੀ। ਉਸ ਦੇ ਆਲੇ ਦੁਆਲੇ ਖੜੇ ਲੋਕ ਤਾੜੀਆਂ ਵਜਾ ਕੇ ਉਸ ਦਾ ਸਵਾਗਤ ਕਰ ਰਹੇ ਸਨ, ਜਿਵੇਂ ਉਹ ਕੋਈ ਵੱਡੀ ਜੰਗ ਜਿੱਤ ਕੇ ਆਇਆ ਹੋਵੇ। ਉਸ ਦਾ ਚਿਹਰਾ ਮੁਰਝਾਇਆ ਹੋਇਆ ਸੀ। ਗੱਡੀ ਵਿੱਚ ਘਰ ਆਉਂਦਿਆਂ ਇਕਾਂਤਵਾਸ ਸਮੇਂ ਦੇ ਦੌਰ ਨੂੰ ਯਾਦ ਕਰਕੇ ਇੱਕ ਵਾਰ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਬਹੁਤ ਘੱਟ ਸਹੂਲਤਾਂ ਵਾਲਾ ਉਹ ਨਹੀਂ, ਨਾ ਕੋਈ ਨੇੜੇ ਤੇੜੇ ਆਉਂਦਾ ਅਤੇ ਖਾਣਾ ਵੀ ਪਲੇਟ ਵਿੱਚ ਰੱਖ ਕੇ ਦੂਰੋਂ ਹਰ ਕੋਈ ਚਲਾ ਜਾਂਦਾ, ਕਿਸ ਤਰ੍ਹਾਂ ਨਿਕਲੇ ਉਹ 14 ਦਿਨ ਉਹ ਹੀ ਜਾਣਦਾ ਸੀ।

ਜਦੋਂ ਉਹ ਗੱਡੀ ਰਾਹੀਂ ਘਰ ਪਹੁੰਚਿਆ ਤਾਂ ਵੇਖਿਆ ਕਿ ਉਸ ਦੀ ਪਤਨੀ ਅਤੇ ਬੱਚੇ ਸਵਾਗਤ ਲਈ ਖੜੇ ਉਸ ਦਾ ਇੰਤਜ਼ਾਰ ਕਰ ਰਹੇ ਸਨ। ਉਹ ਉਨ੍ਹਾਂ ਨੂੰ ਛੱਡ ਕੇ ਸਿੱਧਾ ਕਮਰੇ ਵਿੱਚ ਗਿਆ, ਜਿੱਥੇ ਉਸ ਦੀ ਮਾਂ ਪਿਛਲੇ ਪੰਜ ਸਾਲਾਂ ਤੋਂ ਪਿਤਾ ਜੀ ਦੀ ਮੌਤ ਤੋਂ ਬਾਅਦ ਇਕਾਂਤਵਾਸ ਵਿੱਚ ਜੀਵਨ ਗੁਜ਼ਾਰ ਰਹੀ ਸੀ। ਉਹ ਆਪਣੀ ਮਾਂ ਦੇ ਪੈਰਾਂ ਵਿੱਚ ਜਾ ਕੇ ਬੈਠ ਗਿਆ ਅਤੇ ਫੁੱਟ-ਫੁੱਟ ਕੇ ਰੋਣ ਲੱਗਾ। ਥੋੜੀ ਦੇਰ ਬਾਅਦ ਉਹ ਮਾਂ ਨੂੰ ਬਾਹਰ ਲੈ ਕੇ ਆ ਗਿਆ ਤੇ ਕਹਿਣ ਲੱਗਾ ਕਿ ਮਾਤਾ ਜੀ, ਅੱਜ ਤੋਂ ਬਾਅਦ ਅਸੀਂ ਸਾਰੇ ਇਕੱਠੇ ਰਹਾਂਗੇ।

ਮਾਂ ਇੱਕਦਮ ਹੈਰਾਨ ਸੀ ਕਿ ਮੇਰੇ ਪੁੱਤਰ ਨੂੰ ਕੀ ਹੋ ਗਿਆ ਹੈ? ਇਸ ਵਿੱਚ ਆਪਣੀ ਪਤਨੀ ਸਾਹਮਣੇ ਇਹ ਗੱਲ ਕਹਿਣ ਦੀ ਐਨੀ ਹਿੰਮਤ ਕਿਸ ਤਰ੍ਹਾਂ ਆ ਗਈ? ਮਾਂ ਐਨੀ ਵੱਡੀ ਤਬਦੀਲੀ ਵੇਖ ਹੈਰਾਨ ਰਹਿ ਗਈ। ਉਸ ਨੇ ਆਪਣੇ 14 ਦਿਨਾਂ ਦੇ ਇਕਾਂਤਵਾਸ ਦੀ ਕਹਾਣੀ ਉਨ੍ਹਾਂ ਨੂੰ ਸੁਣਾਈ ਕਿ ਉਸ ਨੇ ਇਹ ਸਾਰਾ ਸਮਾਂ ਆਪਣੇ ਪਿੰਡੇ 'ਤੇ ਕਿਵੇਂ ਹੰਢਾਇਆ ਤੇ ਹੁਣ ਉਸ ਨੂੰ ਅਹਿਸਾਸ ਹੋਇਆ ਕਿ ਹਰ ਸਮੇਂ ਇਕਾਂਤਵਾਸ ਵਿੱਚ ਮਾਂ ਦਾ ਸਮਾਂ ਕਿੰਨਾ ਮੁਸ਼ਕਲ ਅਤੇ ਦੁੱਖ ਭਰਿਆ ਹੋਵੇਗਾ। ਇਹ ਅਹਿਸਾਸ ਹੀ ਬੇਟੇ ਦੀ ਨੈਗੇਟਿਵ ਰਿਪੋਰਟ ਮਾਂ ਲਈ ਪਾਜ਼ੇਟਿਵਟੀ ਲੈ ਕੇ ਆਈ।

## ਪ੍ਰਦੂਸ਼ਣ

-ਸੰਦੀਪ ਸਿੰਘ 'ਬਖੋਪੀਰ'


ਹਵਾ-ਪਾਣੀ ਦੇ ਘਾਤਕ ਤੌਰ 'ਤੇ ਪ੍ਰਦੂਸ਼ਣ ਹੋਣ ਤੋਂ ਬਿਨਾਂ ਪ੍ਰਦੂਸ਼ਣ ਦੇ ਹੋਰ ਕਾਰਨਾਂ ਬਾਰੇ ਵਿਦਿਆਰਥੀਆਂ ਦੇ ਵਿਚਾਰ ਪੜ੍ਹਦਿਆਂ ਅਧਿਆਪਕ ਹੈਰਾਨ ਹੋਇਆ। ਇੱਕ ਵਿਦਿਆਰਥੀ ਦੇ ਪ੍ਰਦੂਸ਼ਣ ਦੀਆਂ ਨਵੀਆਂ ਕਿਸਮਾਂ ਬਾਰੇ ਵਿਚਾਰ ਸਨ ਕਿ ਭ੍ਰਿਸ਼ਟਾਚਾਰ ਦੇ ਪ੍ਰਦੂਸ਼ਣ ਨੇ ਹਰ ਦਫ਼ਤਰ, ਹਰ-ਵਿਭਾਗ ਨੂੰ ਪ੍ਰਦੂਸ਼ਤ ਕਰ ਦਿੱਤਾ ਹੈ। ਸਾਡੀ ਗੱਲਬਾਤ ਵਿਚਲੀ ਨਿੰਦਿਆ ਚੁਗਲੀ ਦੇ ਜ਼ਹਿਰਾਂ ਨੇ ਸਾਡੀਆਂ ਸਾਂਝਾ ਤੇ ਪਿਆਰਾਂ ਨੂੰ ਨਫ਼ਰਤ ਮਈ ਧੂੰਏਂ ਨਾਲ ਪ੍ਰਦੂਸ਼ਣ ਕਰ ਰੱਖਿਆ ਹੈ। ਰਾਜਨੀਤੀ ਦੇ ਪ੍ਰਦੂਸ਼ਣ ਨੇ ਧਾਰਮਕ ਮਾਨਤਾਵਾਂ ਨੂੰ ਪ੍ਰਦੂਸ਼ਣ ਕਰ ਦਿੱਤਾ ਹੈ। ਖ਼ੂਨ ਵਿੱਚ ਆਏ ਦਿਨ ਘੁਲ ਰਹੇ ਚਿੱਟੇ-ਕਾਲੇ ਨਸ਼ਿਆਂ ਦੇ ਪ੍ਰਦੂਸ਼ਣ ਨੇ ਨੌਜਵਾਨੀ ਦੇ ਭਵਿੱਖ ਨੂੰ ਪ੍ਰਦੂਸ਼ਣ ਕਰ ਦਿੱਤਾ ਹੈ। ਕਾਲਾ ਬਾਜਾਰੀ ਨੇ ਮੰਡੀ ਤੇ ਵਪਾਰ ਨੂੰ ਪ੍ਰਦੂਸ਼ਣ ਕੀਤਾ ਹੋਇਆ ਹੈ। ਮੋਬੈਈਲ ਫ਼ੋਨਾਂ 'ਤੇ ਪਰੋਸੀ ਜਾਂਦੀ ਅਸ਼ਲੀਲਤਾ ਨੇ ਸਾਡੀਆਂ ਕਦਰਾਂ-ਕੀਮਤਾਂ ਤੇ ਸੰਸਕਾਰਾਂ ਦਾ ਗਲਾ ਘੁੱਟ ਕੇ ਉਨ੍ਹਾਂ ਨੂੰ ਵੀ ਪ੍ਰਦੂਸ਼ਣ ਕਰ ਦਿੱਤਾ ਹੈ। ਮਨੁੱਖੀ ਦਿਮਾਗ਼ ਵਿੱਚ ਫੈਲੇ ਹਵਸਾਂ ਦੇ ਧੂੰਏਂ ਨੇ ਬੱਚੇ-ਬੱਚੀਆਂ ਨੂੰ ਆਪਣੇ ਪ੍ਰਦੂਸ਼ਣ ਦਾ ਸ਼ਿਕਾਰ ਬਣਾ ਲਿਆ ਹੈ। ਇਹ ਪ੍ਰਦੂਸ਼ਣ ਦੀਆਂ ਕਿਸਮਾਂ ਅਤੇ ਇਨ੍ਹਾਂ ਦੇ ਹੱਲ ਵੀ ਸਾਡੇ ਸਿਲੇਬਸ ਦਾ ਹਿੱਸਾ ਹੋਣੇ ਚਾਹੀਦੇ ਹਨ। ਇਨ੍ਹਾਂ ਦੇ ਹੱਲ ਲਈ ਆਪ ਜੀ ਤੋਂ ਸੁਝਾਅ ਮੰਗਦੇ ਹਾਂ, ਧੰਨਵਾਦ।

ਅਧਿਆਪਕ ਇਨ੍ਹਾਂ ਨਵੀਆਂ ਪ੍ਰਦੂਸ਼ਣ ਦੀਆਂ ਕਿਸਮਾਂ ਦੇ ਸੁਝਾਅ ਲੱਭਣ ਲਈ ਗਹਿਰੀ ਚਿੰਤਾ ਵਿੱਚ ਡੁਬ ਗਿਆ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਤਜਰਬੇ ਤੋਂ ਵੱਡੀ ਪਾਠਸ਼ਾਲਾ ਨਹੀਂ ਹੁੰਦੀ

-ਗੋਵਰਧਨ ਗੱਬੀ-

ਮਾਂ ਦੀ ਸਿਹਤ ਅੱਜਕੱਲ੍ਹ ਥੋੜ੍ਹੀ ਨਾਸਾਜ਼ ਚੱਲ ਰਹੀ ਹੈ। ਜਦੋਂ ਦੀ ਹਸਪਤਾਲ ਵਿੱਚ ਕੋਰੋਨਾ ਵਿਰੁੱਧ 14 ਦਿਨ ਦਾ ਯੁੱਧ ਜਿੱਤ ਕੇ ਮਾਂ ਘਰ ਪਰਤੀ, ਉਦੋਂ ਤੋਂ ਹੀ ਝੰਬੀ ਗਈ ਹੈ। ਅੱਠ-ਦਸ ਕਿਲੋ ਭਾਰ ਘੱਟ ਗਿਆ ਹੈ। ਕਮਜ਼ੋਰ ਹੋ ਗਈ ਹੈ। ਚਿਹਰੇ ਦਾ ਨੂਰ ਥੋੜ੍ਹਾ ਧੁਆਂਖਿਆ ਗਿਆ ਹੈ। ਹਸਪਤਾਲ ਦੇ ਡਾਕਟਰਾਂ ਤੇ ਆਪਣੇ ਨਿੱਕੇ ਡਾਕਟਰ ਪੁੱਤਰ ਦੀਆਂ ਹਦਾਇਤਾਂ ਦੀ ਪਾਲਣਾ ਕਰ ਰਹੀ ਹੈ। ਕੋਰੋਨਾ ਅਤੇ ਉਸ ਨਾਲ ਉਪਜੀਆਂ ਹੋਰ ਬਿਮਾਰੀਆਂ ਨੂੰ ਹਰਾਉਣ ਵਾਸਤੇ ਉਨ੍ਹਾਂ ਨਾਲ ਜੂਝ ਰਹੀ ਹੈ। ਸਾਨੂੰ ਪੂਰੀ ਆਸ ਹੈ ਕਿ ਜੇ ਸਭ ਕੁਝ ਠੀਕ ਰਿਹਾ ਅਤੇ ਕੁਦਰਤ ਦੀ ਮਿਹਰ ਰਹੀ ਤਾਂ ਬਹੁਤ ਜਲਦੀ ਮਾਂ ਸਿਹਤਯਾਬ ਹੋ ਜਾਵੇਗੀ। ਅੱਠੱਤਰ ਸਾਲਾਂ ਦੀ ਸਾਡੀ ਮਾਂ ਦੀ ਕੁਝ ਸ਼ੂਗਰ ਵੱਧ ਹੈ। ਨਿੱਕਾ ਭਰਾ ਉਸ ਨੂੰ ਲੋੜੀਂਦੇ ਟੀਕੇ ਤੇ ਦਵਾਈਆਂ ਦੇ ਰਿਹਾ ਹੈ। ਗੱਲ-ਗੱਲ 'ਤੇ ਮਾਂ ਹੱਥ ਜੋੜਦੀ ਆਕਾਸ਼ ਵੱਲ ਦੇਖਦੀ ਹੈ। ਮੋਬਾਈਲ ਫੋਨ ਉਪਰ ਪ੍ਰਵਚਨ ਸੁਣਦੀ ਰਹਿੰਦੀ ਹੈ।

ਇਸ ਸਭ ਦੌਰਾਨ ਵੀ ਉਹ ਸਾਨੂੰ ਸਾਰਿਆਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਵਾਸਤੇ ਪ੍ਰੇਰਦੀ ਰਹਿੰਦੀ ਹੈ। ਕੁਝ ਦਿਨਾਂ ਤੋਂ ਸਵੇਰੇ-ਸਵੇਰੇ ਮੈਨੂੰ ਹਲਕਾ ਬੁਖਾਰ ਤੇ ਕੁਝ ਮਾਮੂਲੀ ਜਿਹੀ ਕਮਜ਼ੋਰੀ ਮਹਿਸੂਸ ਹੋ ਰਹੀ ਸੀ। ਮੈਂ ਮਾਂ ਨਾਲ ਇਹ ਸਾਂਝਾ ਨਹੀਂ ਕੀਤਾ। ਮਾਂ ਨੇ ਮੇਰੀ ਬੋਲ-ਬਾਣੀ ਤੇ ਚਾਲ-ਢਾਲ ਦੇਖ ਕੇ ਅਖੀਰ ਪੁੱਛ ਲਿਆ, "ਗੱਬੀ ਪੁੱਤਰ, ਕੀ ਗੱਲ ਠੀਕ ਤਾਂ ਹੈਂ ਨਾ ਤੂੰ...?" "ਹਾਂ, ਥੋੜ੍ਹਾ ਬੁਖਾਰ ਮਹਿਸੂਸ ਹੋ ਰਿਹਾ ਹੈ।" ਮੈਂ ਜਵਾਬ ਦਿੱਤਾ। "ਹਾਂ, ਤਦੇ ਕੁਝ ਕਮਜ਼ੋਰ ਲੱਗ ਰਿਹੈਂ, ਮੈਂ ਕਾਫੀ ਦਿਨਾਂ ਤੋਂ ਦੇਖ ਰਹੀ ਸੀ?" ਮਾਂ ਨੇ ਕਿਹਾ। ਮੈਂ ਮਾਂ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਕਿਹਾ ਕਿ ਹਾਂ, ਕੁਝ ਕਮਜ਼ੋਰੀ ਵੀ ਮਹਿਸੂਸ ਕਰ ਰਿਹਾ ਹਾਂ। ਮਾਂ ਨੇ ਕਿਹਾ ਕਿ ਕਮਜ਼ੋਰੀ ਕਰ ਕੇ ਹੀ ਤਾਂ ਤੈਨੂੰ ਬੁਖਾਰ ਚੜ੍ਹਿਆ ਹੈ। ਮੈਂ ਮਾਂ ਦੀ ਗੱਲ ਕੱਟਦਿਆਂ ਕਿਹਾ, "ਨਹੀਂ, ਉਂਝ ਹੀ ਕਮਜ਼ੋਰੀ ਮਹਿਸੂਸ ਹੋ ਰਹੀ ਹੈ...।"

"ਪੁੱਤਰ! ਤੂੰ ਮੰਨਦਾ ਨਹੀਂ, ਪਰ ਕਮਜ਼ੋਰੀ ਕਰ ਕੇ ਹੀ ਤੈਨੂੰ ਬੁਖਾਰ ਚੜ੍ਹਿਐ, ਤੈਨੂੰ ਕਿੰਨੇ ਵਾਰੀ ਕਿਹਾ ਹੈ ਕਿ ਡੱਫਿਆ ਘੱਟ ਕਰ ਕੇ ਖਾਇਆ ਚੰਗਾ ਤੇ ਜ਼ਿਆਦਾ ਕਰ, ਪੁੱਤਰ, ਜੇ ਚੰਗਾ ਨਹੀਂ ਖਾਏਂਗਾ ਤਾਂ ਫਿਰ ਕਮਜ਼ੋਰ ਹੋਵੇਂਗਾ। ਜੇ ਕਮਜ਼ੋਰ ਹੋਵੇਂਗਾ ਤਾਂ ਬੁਖਾਰ ਨੇ ਚੜ੍ਹਨਾ ਹੀ ਹੈ। ਦੂਸਰਾ, ਮੌਸਮ ਬਦਲ ਰਿਹਾ ਹੈ। ਟੀ-ਸ਼ਰਟਾਂ ਨਹੀਂ, ਪੂਰੀਆਂ ਬਾਹਾਂ ਵਾਲਾ ਕੁੜਤਾ ਤੇ ਪਜਾਮਾ ਪਾਇਆ ਕਰ।" ਮਾਂ ਨੇ ਪੂਰੇ ਵਿਸ਼ਵਾਸ ਭਰੇ ਅੰਦਾਜ਼ ਵਿੱਚ ਮੈਨੂੰ ਸਮਝਾਇਆ। ਮੈਂ ਆਪਣੇ ਨਿੱਕੇ ਭਰਾ ਨਾਲ ਆਪਣੀ ਕਮਜ਼ੋਰੀ ਤੇ ਬੁਖਾਰ ਮੈਂ ਮਾਂ ਦੇ ਚਿਹਰੇ ਵੱਲ ਗਹੁ ਨਾਲ ਤੱਕਿਆ। ਉਸ ਦੇ ਚਿਹਰੇ ਦੀਆਂ ਝੁਰੜੀਆਂ ਦੱਸ ਰਹੀਆਂ ਸਨ ਕਿ ਇਹ ਉਹ ਨਹੀਂ, ਸਗੋਂ ਉਸ ਦਾ ਤਜਰਬਾ ਬੋਲ ਰਿਹਾ ਹੈ। ਮੈਨੂੰ ਯਾਦ ਹੈ ਕਿ ਇੱਕ ਵਾਰ ਟੀ ਵੀ ਉਪਰ ਮੈਂ ਇੱਕ ਕੌਮਾਂਤਰੀ ਕੰਪਨੀ ਦੇ ਤਕਨੀਕੀ ਮੁਖੀ ਦੀ ਇੰਟਰਵਿਊ ਸੁਣੀ ਸੀ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਸ ਨੇ ਆਪਣੇ ਕਸਬ ਦੀ ਪੜ੍ਹਾਈ ਲਿਖਾਈ ਕਿੱਥੋਂ ਕੀਤੀ ਤਾਂ ਉਸ ਦਾ ਜਵਾਬ ਸੀ ਕਿ ਉਹ ਕਦੇ ਸਕੂਲ ਨਹੀਂ ਗਿਆ। ਤਜਰਬੇ ਨਾਲ ਗਿਆਨ ਹਾਸਲ ਕੀਤਾ ਹੈ। ਮੈਂ ਕਈ ਵਾਰ ਨੋਟ ਕੀਤਾ ਹੈ ਕਿ ਮਾਂ ਨੇ ਵੀ ਆਪਣੇ ਤਜਰਬੇ ਨਾਲ ਕਈ ਵਾਰ ਪੜ੍ਹੇ-ਲਿਖਿਆਂ ਨੂੰ ਹੈਰਾਨ ਹੀ ਨਹੀਂ, ਸਗੋਂ ਆਪਣੀ ਕਾਬਲੀਅਤ 'ਤੇ ਦੋਬਾਰਾ ਸੋਚਣ ਵਾਸਤੇ ਮਜਬੂਰ ਕੀਤਾ ਹੈ।

ਛੱਬੀ-ਸੱਤਾਈ ਸਾਲ ਪਹਿਲਾਂ ਦੀ ਗੱਲ ਹੈ। ਸਾਡੇ ਘਰ ਪਹਿਲੇ ਬੱਚੇ ਦਾ ਜਨਮ ਹੋਣਾ ਸੀ। ਹੋਰਾਂ ਮਾਪਿਆਂ ਵਾਂਗ ਸਾਨੂੰ ਪਤੀ-ਪਤਨੀ ਨੂੰ ਵੀ ਮਾਤਾ-ਪਿਤਾ ਬਣਨ ਦੇ ਬੜੇ ਚਾਅ ਸਨ। ਸ਼ਹਿਰ ਦੀ ਇੱਕ ਪ੍ਰਸਿੱਧ ਮਹਿਲਾ ਡਾਕਟਰ ਦੇ ਨਿੱਜੀ ਕਲੀਨਿਕ ਵਿੱਚ ਮੈਂ ਆਪਣੀ ਗਰਭਵਤੀ ਪਤਨੀ ਨੂੰ ਸ਼ੁਰੂ ਤੋਂ ਵਿਖਾ ਰਿਹਾ ਸਾਂ। ਡਾਕਟਰ ਵੱਲੋਂ ਦਿੱਤੀ ਅਨੁਮਾਨਿਤ ਤਰੀਕ ਤੋਂ ਵੀਹ ਦਿਨ ਪਹਿਲਾਂ ਇੱਕ ਦਿਨ ਅਚਾਨਕ ਪਤਨੀ ਨੂੰ ਜਣਨ ਪੀੜਾਂ ਤੇ ਦਰਦਾਂ ਮਹਿਸੂਸ ਹੋਈਆਂ। ਮੇਰੀ ਮਾਂ ਨੇ ਆਪਣੀ ਨੂੰਹ ਨੂੰ ਟੋਹਿਆ ਤੇ ਪਰਖਿਆ। "ਗੱਬੀ, ਪੁੱਤਰ ਚੱਲ ਕੱਢ ਗੱਡੀ ਤੇ ਡਾਕਟਰ ਕੋਲ ਲੈ ਚੱਲ। ਅੱਜ ਬੱਚੇ ਦੇ ਜਨਮ ਹੋਣ ਦੇ ਪੂਰੇ ਲੱਛਣ ਵਿਖਾਈ ਦੇ ਰਹੇ ਨੇ।" ਮਾਂ ਨੇ ਹੁਕਮ ਸੁਣਾ ਦਿੱਤਾ। ਮੈਂ ਨਾਂਹ-ਨੁੱਕਰ ਕਰਦਿਆਂ ਕਿਹਾ, "ਅਜੇ ਤਾਂ ਵੀਹ ਦਿਨ ਬਚੇ ਨੇ, ਕੋਈ ਹੋਰ ਸਮੱਸਿਆ ਹੋਣੀ ਹੈ।" ਮਾਂ ਨੇ ਮੇਰੀ ਇੱਕ ਨਾ ਸੁਣੀ। ਕੁਝ ਦੇਰ ਬਾਅਦ ਅਸੀਂ ਕਲੀਨਿਕ ਪਹੁੰਚ ਗਏ। ਡਾਕਟਰ ਨੇ ਮੇਰੀ ਪਤਨੀ ਨੂੰ ਅੰਦਰ ਲਿਜਾ ਕੇ ਦੇਖਿਆ-ਪਰਖਿਆ ਤੇ ਕਿਹਾ ਕਿ ਐਸੀ ਕੋਈ ਗੱਲ ਨਹੀਂ, ਕੁਝ ਤਕਲੀਫ ਹੈ, ਪਰ ਬੱਚੇ ਦੇ ਜਨਮ ਨਾਲ ਉਸ ਦਾ ਕੋਈ ਸੰਬੰਧ ਨਹੀਂ, ਅਜੇ ਪੰਦਰਾਂ-ਵੀਹ ਦਿਨ ਪਏ ਨੇ ਬੱਚੇ ਦੇ ਜਨਮ ਨੂੰ। ਮੈਂ ਕੁਝ ਦਵਾਈਆਂ ਲਿਖ ਦਿੰਦੀ ਹਾਂ। ਤੁਸੀਂ ਇਸ ਨੂੰ ਘਰ ਵਾਪਸ ਲੈ ਜਾਓ।

"ਡਾਕਟਰ ਜੀ, ਤੁਸੀਂ ਮੇਰੀ ਨੂੰਹ ਨੂੰ ਦਾਖਲ ਕਰੋ। ਬੱਚਾ ਕਿਸੇ ਵੇਲੇ ਵੀ ਹੋ ਸਕਦਾ ਹੈ।" ਮੇਰੀ ਮਾਂ ਨੇ ਡਾਕਟਰ ਨੂੰ ਹੁਕਮ ਸੁਣਾ ਦਿੱਤਾ। ਡਾਕਟਰ ਮਾਂ ਨਾਲ ਤਾਂ ਨਹੀਂ ਉਲਝੀ, ਪਰ ਉਸ ਨੇ ਮੈਨੂੰ ਆਪਣੇ ਕੈਬਿਨ ਵਿੱਚ ਬੁਲਾਇਆ ਤੇ ਬੋਲੀ, "ਦੇਖੋ! ਇਹ ਅਨਪੜ੍ਹ ਮਾਈਆਂ ਏਦਾਂ ਹੀ ਬੋਲਦੀਆਂ ਰਹਿੰਦੀਆਂ ਨੇ। ਮੈਂ ਚੈੱਕ ਕਰ ਲਿਆ ਹੈ। ਤੁਸੀਂ ਇਸ ਨੂੰ ਘਰ ਲੈ ਜਾਓ। ਇੱਥੇ ਦਾਖਲ ਕਰਵਾਓਗੇ ਤਾਂ ਰੋਜ਼ ਦਾ ਵਾਧੂ ਖਰਚਾ ਪਵੇਗਾ। ਮੈਂ ਕੁਝ ਦਵਾਈਆਂ ਲਿਖ ਦਿੰਦੀ ਹਾਂ। ਤੁਸੀਂ ਲੈ ਆਓ। ਤਦ ਤੀਕ ਮੈਂ ਮਾਈ ਨੂੰ ਸਮਝਾਉਂਦੀ ਆਂ। ਮੈਂ ਦਵਾਈ ਲਿਖੀ ਪਰਚੀ ਲੈ ਕੇ ਦਵਾਈਆਂ ਦੀ ਦੁਕਾਨ ਵੱਲ ਚਲਾ ਗਿਆ। ਦੁਕਾਨ 'ਤੇ ਭੀੜ ਵੱਧ ਸੀ। ਮੈਨੂੰ ਪੌਣਾ ਕੁ ਘੰਟਾ ਆਪਣੀ ਵਾਰੀ ਦਾ ਇੰਤਜ਼ਾਰ ਕਰਦਿਆਂ ਲੱਗ ਗਿਆ।

"ਵਧਾਈਆਂ ਹੋਣ ਵੀਰ ਜੀ। ਧੀ ਪੈਦਾ ਹੋਈ ਹੈ। ਡਾਕਟਰ ਕਹਿੰਦੀ ਹੈ ਕਿ ਉਹ ਦਵਾਈਆਂ ਲਿਆਉਣ ਦੀ ਲੋੜ ਨਹੀਂ ਹੈ।" ਸਾਡੇ ਨਾਲ ਗਏ ਮੇਰੇ ਇੱਕ ਦੋਸਤ ਨੇ ਦੁਕਾਨ 'ਤੇ ਆ ਕੇ ਮੈਨੂੰ ਜਾਣਕਾਰੀ ਦਿੱਤੀ। ਹੈਰਾਨੀ ਭਰਿਆ ਮੈਂ ਵਾਪਸ ਕਲੀਨਿਕ ਗਿਆ ਤਾਂ ਉਹ ਡਾਕਟਰ ਸਾਡੀ ਨਵਜੰਮੀ ਧੀ ਨੂੰ ਮੇਰੀ ਮਾਂ ਨੂੰ ਫੜਾਉਂਦੇ ਹੋਏ ਵਧਾਈਆਂ ਦੇ ਰਹੀ ਸੀ ਤੇ ਨਾਲ ਮੁਆਫੀ ਮੰਗ ਰਹੀ ਸੀ। "ਡਾਕਟਰ ਕੁੜੀਏ, ਮੈਂ ਪੰਜ ਬੱਚੇ ਆਪ ਜਣੇ ਨੇ ਅਤੇ ਸੈਂਕੜੇ ਹੋਰਾਂ ਮਾਵਾਂ ਨੂੰ ਬੱਚੇ ਜਣਦਿਆਂ ਦੇਖਿਆ ਤੇ ਜਣਨ ਵਿੱਚ ਮਦਦ ਕੀਤੀ ਹੈ। ਨੂੰਹ ਦੇ ਲੱਛਣ ਦੱਸਦੇ ਸਨ ਕਿ ਬੱਚਾ ਅੱਜ ਹੀ ਹੋਵੇਗਾ।" ਬੋਲਦੇ ਹੋਏ ਮੇਰੀ ਮਾਂ ਨੇ ਪੰਦਰਾਂ ਮਿੰਟ ਪਹਿਲਾਂ ਜਨਮੀ ਸਾਡੀ ਧੀ ਨੂੰ ਮੇਰੀ ਗੋਦ ਵਿੱਚ ਪਾ ਦਿੱਤਾ। ਮੈਂ ਕਦੇ ਧੀ, ਕਦੇ ਆਪਣੀ ਮਾਂ ਅਤੇ ਕਦੇ ਡਾਕਟਰ ਵੱਲ ਦੇਖਦਾ ਸੋਚ ਰਿਹਾ ਸਾਂ ਕਿ ਵਾਕਿਆ ਹੀ ਦੁਨੀਆ ਵਿੱਚ ਤਜਰਬੇ ਤੋਂ ਵੱਡੀ ਕੋਈ ਪਾਠਸ਼ਾਲਾ ਨਹੀਂ ਹੁੰਦੀ।

# ਮਹਾਂਰਾਸ਼ਟਰ ਅਸੈਂਬਲੀ ਦੇ ਸਪੀਕਰ ਦੇ ਵਿਰੁੱਧ ਨੋਟਿਸ ਜਾਰੀ ਕਰਨ ਦੀ ਅਪੀਲ

### * ਸੁਪਰੀਮ ਕੋਰਟ ਵਿੱਚ ਦੋ ਹਫਤਿਆਂ ਬਾਅਦ ਸੁਣਵਾਈ ਹੋਏਗੀ



ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਪੱਤਰਕਾਰ ਅਰਣਬ ਗੋਸਵਾਮੀ ਨੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਮਹਾਂਰਾਸ਼ਟਰ ਅਸੈਂਬਲੀ ਦੇ ਸਪੀਕਰ ਨੂੰ ਨੋਟਿਸ ਜਾਰੀ ਕਰ ਕੇ ਇਸ ਮੁੱਦੇ ’ਤੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਜਾਵੇ, ਜਿਸ ਵਿੱਚ ਸਦਨ ਦੇ ਅਧਿਕਾਰੀ ਨੇ ਦਾਅਵਾ ਕੀਤਾ ਸੀ ਕਿ ਉਸ ਵੱਲੋਂ ਸਪੀਕਰ ਦੇ ਕਹਿਣ ’ਤੇ ਪੱਤਰਕਾਰ ਨੂੰ ਮਰਿਆਦਾ ਮਤੇ ਦੀ ਉਲੰਘਣਾ ਦਾ ਪੱਤਰ ਭੇਜਿਆ ਗਿਆ ਸੀ।

ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਪਹਿਲਾਂ ਕਿਹਾ ਸੀ ਕਿ ਸਪੀਕਰ ਨੂੰ ਨੋਟਿਸ ਦੇਣਾ ਜ਼ਰੂਰੀ ਹੋ ਸਕਦਾ ਹੈ, ਪਰ ਬਾਅਦ ਵਿੱਚ ਗੋਸਵਾਮੀ ਦੀ ਪਟੀਸ਼ਨ ’ਤੇ ਕੇਸ ਦੀ ਸੁਣਵਾਈ ਦੋ ਹਫਤਿਆਂ ਲਈ ਇਹ ਕਹਿ ਕੇ ਅੱਗੇ ਪਾ ਦਿੱਤੀ ਕਿ ਉਨ੍ਹਾਂਵੱਲੋਂ ਅਸੈਂਬਲੀ ਦੇ ਸਹਾਇਕ ਸਕੱਤਰ ਦਾ ਜਵਾਬ ਪੜ੍ਹਿਆ ਜਾਣਾ ਅਜੇ ਬਾਕੀ ਹੈ।

ਵਰਣਨ ਯੋਗ ਹੈ ਕਿ ਸੁਪਰੀਮ ਕੋਰਟ ਨੇ 6 ਨਵੰਬਰ ਨੂੰ ਮਹਾਂਰਾਸ਼ਟਰ ਵਿਧਾਨ ਮੰਡਲ ਸੈਕਟਰੀਏਟ ਦੇ ਸਹਾਇਕ ਸੈਕਟਰੀ ਵਿਲਾਸ ਅਠਾਵਲੇ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਇਹ ਸਪੱਸ਼ਟ ਕਰਨ ਨੂੰ ਕਿਹਾ ਸੀ ਕਿ ਮਰਿਆਦਾ ਮਤੇ ਦੀ ਉਲੰਘਣਾ ਦੇ ਮੁੱਦੇ ਉਤੇ ਉਨ੍ਹਾਂਵੱਲੋਂ ਪੱਤਰਕਾਰ ਨੂੰ ਜਾਰੀ ਪੱਤਰ, ਜਿਸ ਕਰਕੇ ਪੱਤਰਕਾਰ ਨੂੰ ਸੁਪਰੀਮ ਕੋਰਟ ਜਾਣਾ ਪਿਆ ਜਾਪਦਾ ਹੈ, ਦੇ ਕਾਰਨ ਉਨ੍ਹਾਂਦੇ ਖਿਲਾਫ ਮਾਣਹਾਨੀ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ। ਅਰਨਬ ਗੋਸਵਾਮੀ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਇਸ ਕਾਰਨ ਦੱਸੋ ਨੋਟਿਸ ਦੇ ਜਵਾਬ ਵਿੱਚ ਸਦਨ ਦੇ ਅਧਿਕਾਰੀ ਨੇ ਕਿਹਾ ਕਿ ਇਹ ਪੱਤਰ ਸਪੀਕਰ ਦੇ ਹੁਕਮ ਉਤੇ ਭੇਜਿਆ ਗਿਆ ਸੀ, ਜਿਸ ਕਰ ਕੇ ਅਸੈਂਬਲੀ ਦੇ ਸਪੀਕਰ ਨੂੰ ਨੋਟਿਸ ਜਾਰੀ ਕੀਤਾ ਜਾਵੇ। ਸਪੀਕਰ ਅਠਾਵਲੇ ਦੇ ਵਕੀਲ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਸਪੀਕਰ ਨੂੰ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਇਹ ਦੇਖਿਆ ਜਾਵੇ ਕਿ ਕੋਈ ਮਾਣਹਾਨੀ ਹੋਈ ਹੈ ਜਾਂ ਨਹੀਂ। ਅਦਾਲਤ ਨੇ ਕਿਹਾ ਕਿ ਅਧਿਕਾਰੀ ਦਾ ਕਹਿਣਾ ਹੈ ਕਿ ਉਸ ਨੇ ਸਪੀਕਰ ਦੇ ਕਹਿਣ ’ਤੇ ਪੱਤਰ ਜਾਰੀ ਕੀਤਾ ਸੀ ਤਾਂ ਸਪੀਕਰ ਦਾ ਪੱਖ ਸੁਣਨਾ ਬਣਦਾ ਹੈ। ਬੈਂਚ ਨੇ ਕਿਹਾ ਕਿ ਸਦਨ ਦੇ ਅਧਿਕਾਰੀ ਨੇ ਇਹ ਸਭ ਕੁਝ ਕਿਹਾ ਹੈ, ਪਰ ਪੱਤਰ ਵਾਪਸ ਨਹੀਂ ਲਿਆ। ਇਸ ਕਰ ਕੇ ਪਹਿਲਾਂ ਬੈਂਚ ਵੱਲੋਂ ਅਧਿਕਾਰੀ ਦਾ ਜਵਾਬ ਪੜ੍ਹਿਆ ਜਾਵੇਗਾ ਅਤੇ ਉਸ ਪਿੱਛੋਂ ਦੋ ਹਫਤਿਆਂ ਬਾਅਦ ਕੇਸ ਦੀ ਸੁਣਵਾਈ ਹੋਵੇਗੀ।

# ਪੈਸੇ ਵਾਲੀ ਗਈ ਸੁਵਿਧਾ ਮਾਂ ਦੇ ਪਿਆਰ ਦੀ ਜਗ੍ਹਾ ਨਹੀਂ ਲੈ ਸਕਦੀਆਂ: ਅਦਾਲਤ

### * ਪਤੀ-ਪਤਨੀ ਦੇ ਝਗੜੇ ਵਿੱਚ ਬੱਚੀ ਦੀ ਕਸਟਡੀ ਮਾਂ ਨੂੰ ਦੇਣ ਦਾ ਹੁਕਮ



ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਕੇਸ ਦੀ ਸੁਣਵਾਈ ਵੇਲੇ ਟਿੱਪਣੀ ਕੀਤੀ ਹੈ ਕਿ ਮਾਂ ਦੇ ਪਿਆਰ ਅਤੇ ਉਸ ਵੱਲੋਂ ਕੀਤੀ ਦੇਖ-ਭਾਲ ਦਾ ਕੋਈ ਮੁੱਲ ਨਹੀਂਹੁੰਦਾ। ਮਾਂ ਦਾ ਸਥਾਨ ਕੋਈ ਨਹੀਂ ਲੈ ਸਕਦਾ। ਪੈਸੇ ਜਾਂ ਪੈਸੇ ਨਾਲ ਲਈ ਗਈ ਸੁਵਿਧਾ ਮਾਂ ਦੇ ਪਿਆਰ ਅਤੇ ਦੇਖ ਭਾਲ ਦੀ ਜਗ੍ਹਾ ਨਹੀਂ ਲੈ ਸਕਦੀ। ਬੱਚੇ ਲਈ ਮਾਂ ਦੀ ਸੁਰੱਖਿਆ ਲਾਜ਼ਮੀ ਹੈ ਅਤੇ ਕੋਈ ਵੀ ਸੁਰੱਖਿਅਤ ਉਪਾਅ ਉਸ ਦੇ ਅੱਗੇ ਟਿਕ ਨਹੀਂ ਸਕਦਾ।

ਇਹ ਟਿੱਪਣੀ ਹਾਈ ਕੋਰਟ ਨੇ ਬਠਿੰਡਾ ਦੇ ਇੱਕ ਪਤੀ-ਪਤਨੀ ਦੇ ਪਰਵਾਰਕ ਝਗੜੇ ਵਿੱਚ ਬੱਚੀ ਦੀ ਕਸਟਡੀ ਦੇ ਲਈ ਮਾਂ ਵੱਲੋਂ ਦਾਇਰ ਅਰਜ਼ੀ ’ਤੇ ਸੁਣਵਾਈ ਕਰਦੇ ਹੋਏ ਕੀਤੀ ਹੈ। ਮਾਂ ਨੇ ਪੰਜ ਸਾਲ ਤੋਂ ਘੱਟ ਉਮਰ ਦੀ ਬੇਟੀ ਦੀ ਕਸਟਡੀ ਮੰਗੀ ਹੈ। ਜਸਟਿਸ ਏ ਕੇ ਤਿਆਗੀ ਨੇ ਬੱਚੀ ਮਾਂ ਨੂੰ ਸੌਂਪਣ ਦਾ ਹੁਕਮ ਦਿੰਦੇ ਹੋਏ ਕਿਹਾ ਨਾਬਾਲਗ ਦੇ ਭਲੇ ਲਈ ਉਸ ਨੂੰ ਮਾਂ ਨੂੰ ਸੌਂਪਣਾ ਜ਼ਰੂਰੀ ਹੈ। ਮਾਂ ਦੀ ਗੋਦ ਇੱਕ ਕੁਦਰਤੀ ਪੰਘੂੜਾ ਹੈ, ਇਸ ਦਾ ਕੋਈ ਬਦਲ ਨਹੀਂ ਹੋ ਸਕਦਾ। ਬੱਚੇ ਦੇ ਲਈ ਮਾਂ ਦੀ ਸੁਰੱਖਿਆ ਜ਼ਰੂਰੀ ਹੈ। ਇਸ ਮੌਕੇ ਅਦਾਲਤ ਨੇ ਕਿਹਾ ਕਿ ਪਿਤਾ ਦੇ ਨਾਲ ਨਾਬਾਲਗ ਬੇਟੀ ਦੇ ਰਹਿਣ ਨੂੰ ਗੈਰ ਕਾਨੂੰਨੀ ਨਹੀਂ ਕਿਹਾ ਜਾ ਸਕਦਾ, ਪਰ ਬੇਟੀ ਦੀ ਉਮਰ ਪੰਜ ਸਾਲ ਤੋਂ ਘੱਟ ਹੋਣ ਉੱਤੇ ਉਸ ਨੂੰ ਮਾਂ ਦੇ ਕੋਲ ਰਹਿਣ ਦਾ ਅਧਿਕਾਰ ਹੈ, ਪਿਤਾ ਹਫਤੇ ਵਿੱਚ ਇੱਕ ਵਾਰ ਬੇਟੀ ਨੂੰ ਮਿਲ ਸਕਦਾ ਹੈ।

# ਰੈਡੀਮੇਡ ਕੱਪੜਿਆਂ ਦੀ ਦੁਕਾਨ ’ਚੋਂ 5 ਲੱਖ ਰੁਪਏ ਦੇ ਕੱਪੜੇ ਅਤੇ ਨਕਦੀ ਚੋਰੀ

ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਚੋਰਾਂ ਨੇ ਇਸ ਸ਼ਹਿਰ ਦੇ ਸੰਘਾ ਚੌਕ ਵਿੱਚ ਰੈਡੀਮੇਡ ਕੱਪੜਿਆਂ ਦੀ ਦੁਕਾਨ ਵਿੱਚੋਂ 5 ਲੱਖ ਰੁਪਏ ਦੇ ਕੱਪੜੇ ਅਤੇ ਨਕਦੀ ਚੋਰੀ ਕਰ ਲਈ।ਇਹ ਦੁਕਾਨ ਅਜੇ ਡੇਢ ਮਹੀਨੇ ਪਹਿਲਾਂ ਖੁੱਲ੍ਹੀ ਸੀ, ਜਿਸ ਵਿੱਚ ਸੀ ਸੀ ਟੀ ਵੀ ਕੈਮਰੇ ਵੀ ਲੱਗਣੇ ਬਾਕੀ ਸਨ।

ਮਾਡਰਨ ਮੈਨਸ਼ਾਪ ਦੇ ਮਾਲਕ ਵਰੁਣ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਨ੍ਹਾਂ ਨੂੰ ਫੋਨ ’ਤੇ ਸੂਚਨਾ ਮਿਲੀ ਕਿ ਉਨ੍ਹਾਂ ਦੀ ਦੁਕਾਨ ਦੇ ਤਾਲੇ ਟੁੱਟੇ ਹੋਏ ਹਨ। ਉਹ ਮੌਕੇ ’ਤੇ ਪਹੁੰਚੇ ਤਾਂ ਦੁਕਾਨ ਵਿੱਚ ਸਾਰਾ ਸਾਮਾਨ ਖਿੱਲਰਿਆ ਪਿਆ ਸੀ। ਵਰੁਣ ਨੇ ਦੱਸਿਆ ਕਿ ਉਸ ਨੇ ਪਿੱਛੇ ਜਿਹੇ 5 ਲੱਖ ਰੁਪਏ ਦੇ ਕੱਪੜੇ ਦੁਕਾਨ ਵਿੱਚ ਪਾਏ ਸਨ, ਜਿਹੜੇ ਚੋਰ ਲੈ ਗਏ। ਇਸ ਤੋਂ ਬਿਨਾ ਚੋਰਾਂ ਨੇ ਗੱਲੇ ਦਾ ਤਾਲਾ ਤੋੜ ਕੇ ਉਸ ਵਿੱਚ ਰੱਖੇ 20 ਹਜ਼ਾਰ ਰੁਪਏ ਚੋਰੀ ਕਰ ਲਏ। ਦੁਕਾਨ ਵਿੱਚ ਸੀ ਸੀ ਟੀ ਵੀ ਕੈਮਰੇ ਨਹੀਂ ਲੱਗੇ ਸਨ, ਪਰ ਸੂਚਨਾ ਮਿਲਣ ਤੋਂ ਬਾਅਦ ਮੌਕੇ ’ਤੇ ਪਹੁੰਚੀ ਥਾਣਾ ਨੰਬਰ 7 ਦੀ ਪੁਲਸ ਨੇ ਨੇੜਲੀਆਂ ਦੁਕਾਨਾਂ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਭਾਰਤ ਵੱਲੋਂ ਬ੍ਰਹਿਮੋਸ ਮਿਜ਼ਾਈਲ ਦੇ ‘ਲੈਂਡ ਅਟੈਕ’ ਅਡੀਸ਼ਨ ਦਾ ਟੈਸਟ ਵੀ ਸਫਲ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਭਾਰਤ ਨੇ ਜਮੀਨ ਤੋਂ ਜ਼ਮੀਨ ਤੱਕ ਮਾਰ ਕਰਨ ਵਾਲੀ ਸੁਪਰਸੋਨਿਕ ਕਰੂਜ਼ ਮਿਜ਼ਾਈਲ ਬ੍ਰਹਿਮੋਸ ਦੀ ਸਫਲ ਟੈਸਟਿੰਗ ਕੀਤੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਹ ਟੈਸਟ ਹਥਿਆਰਾਂ ਦੇ ਯੋਜਨਾ ਬੱਧ ਟੈਸਟਾਂ ਦੀ ਲੜੀ ਤਹਿਤ ਕੀਤਾ ਗਿਆ। ਇਨ੍ਹਾਂ ਸੂਤਰਾਂ ਮੁਤਾਬਕ ਜ਼ਮੀਨ ’ਤੇ ਮਾਰ ਕਰਨ ਵਿੱਚ ਸਮਰੱਥ ਇਸ ਮਿਜ਼ਾਈਲ ਦੇ ਨਵੇਂ ਅਡੀਸ਼ਨ ਦੀ ਮਾਰਕ ਸਮਰੱਥਾ ਨੂੰ 290 ਕਿਲੋਮੀਟਰਤੋਂ ਵਧਾ ਕੇ 400 ਕਿਲੋਮੀਟਰ ਕੀਤੀ ਗਈ ਹੈ ਪਰ ਇਸ ਦੀ ਸਪੀਡ 2.8 ਮੈਕ ਜਾਂ ਸਾਊਂਡ ਦੀ ਸਪੀਡ ਤੋਂ ਲੱਗਭਗ 3 ਗੁਣਾ ਕਾਇਮ ਰੱਖੀ ਗਈ ਹੈ। ਇੱਕ ਅਧਿਕਾਰਕ ਸੂਤਰ ਨੇ ਦੱਸਿਆ ਕਿ ਮਿਜ਼ਾਈਲ ਦੇ ‘ਲੈਂਡ ਅਟੈਕ’ ਯਾਨੀ ਜ਼ਮੀਨ ’ਤੇ ਮਾਰ ਕਰਨ ਵਾਲੇ ਅਡੀਸ਼ਨ ਦਾ ਟੈਸਟ ਸਵੇਰੇ ਕਰੀਬ 10 ਵਜੇ ਅੰਡੇਮਾਨ-ਨਿਕੋਬਾਰ ਟਾਪੂਆਂ ਉੱਤੇ ਕੀਤਾ ਗਿਆ ਅਤੇ ਇਹ ਸਫਲ ਟੈਸਟ ਸੀ। ਅਗਲੇ ਕੁਝ ਦਿਨਾਂ ਵਿੱਚ ਭਾਰਤੀ ਏਅਰ ਫੋਰਸ ਅਤੇ ਭਾਰਤੀ ਸਮੁੰਦਰੀ ਫੌਜ ਵੱਲੋਂ ਸੁਪਰਸੋਨਿਕ ਕਰੂਜ਼ ਮਿਜ਼ਾਈਲ ਦੇ ਵੱਖ-ਵੱਖ ਅਡੀਸ਼ਨਾਂ ਦਾ ਟੈਸਟ ਕੀਤਾ ਜਾਣਾ ਹੈ।

# ਸੀ ਬੀ ਆਈ ਦਾ ਦਾਅਵਾ, ਮੁਇਨ ਕੁਰੈਸ਼ੀ ਦੀ ਜਾਂਚ ਵਿੱਚ ਜੱਜ ਦਖਲ ਅੰਦਾਜ਼ੀ ਕਰ ਰਹੇ ਨੇ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਦੋਸ਼ ਲਾਇਆ ਹੈ ਕਿ ਵਿਵਾਦ ਵਿੱਚ ਫਸੇ ਮਾਸ ਕਾਰੋਬਾਰੀ ਤੇ ਐਕਸਪੋਰਟਰ ਮੁਇਨ ਅਖਤਰ ਕੁਰੈਸ਼ੀ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਟ੍ਰਾਇਲ ਕੋਰਟ ਦੇ ਜੱਜ ਇਸ ਦੀ ਜਾਂਚ ਵਿੱਚ ਦਖ਼ਲ ਅੰਦਾਜ਼ੀ ਕਰ ਰਹੇ ਹਨ, ਜਿਸ ਵਿੱਚ ਸਾਬਕਾ ਸੀ ਬੀ ਆਈ ਡਾਇਰੈਕਟਰ ਰਣਜੀਤ ਸਿਨਹਾ ਅਤੇ ਏ ਪੀ ਸਿਨਹਾ ਵੀ ਜਾਂਚ ਦੇ ਘੇਰੇ ਵਿੱਚ ਹਨ।ਇਸ ਬਾਰੇ 17 ਨਵੰਬਰ ਨੂੰ ਜਾਂਚ ਏਜੰਸੀ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਜਿਸ ਵਿੱਚ ਟ੍ਰਾਇਲ ਕੋਰਟ ਦੇ ਜੱਜ ਵੱਲੋਂ ਦਿੱਤੇ ਹੁਕਮਾਂ ’ਤੇ ਰੋਕ ਲਾਉਣ ਦੀ ਮੰਗ ਕੀਤੀ ਗਈ, ਜੋ ਇਸ ਕੇਸ ਦੀ ਸੁਣਵਾਈ ਕਰ ਰਹੇ ਹਨ। ਸੀ ਬੀ ਆਈ ਨੇ ਸ਼ਿਕਾਇਤ ਕੀਤੀ ਕਿ ਸੀ ਬੀ ਆਈ ਵੱਲੋਂ ਕੀਤੀ ਜਾ ਰਹੀ ਜਾਂਚ ਵਿਚਜੱਜ ਦਖਲ ਦੇ ਰਹੇ ਹਨ। ਜਾਂਚ ਏਜੰਸੀ ਨੇ ਕਿਹਾ ਕਿ ਸੁਪਰੀਮ ਕੋਰਟ ਅਤੇ ਹਾਈ ਕੋਰਟ ਵੱਲੋਂ ਨਿਰਦੇਸ਼ ਦਿੱਤੇ ਗਏ ਹਨ ਕਿ ਪੁਲਸ ਦੇ ਸੀਨੀਅਰ ਅਧਿਕਾਰੀਆਂ ਅਤੇ ਮੌਜੂਦਾ ਅਧਿਕਾਰੀਆਂ ਨੂੰ ਅਦਾਲਤ ਦੇ ਸਵਾਲਾਂ ਦਾ ਜਵਾਬ ਦੇਣ ਲਈ ਸੱਦਿਆ ਨਹੀਂ ਜਾਣਾ ਚਾਹੀਦਾ। ਜੱਜ ਯੋਗੇਸ਼ ਖੰਨਾ ਨੇ ਸੀ ਬੀ ਆਈ ਵੱਲੋਂ ਦਿਤੀ ਗਈ ਸਮੱਗਰੀ ਦੇ ਪੱਖ ਵਿੱਚ 27 ਅਕਤੂਬਰ ਦੇ ਹੁਕਮਾਂ ’ਤੇ ਰੋਕ ਲਾ ਦਿੱਤੀ ਹੈ ਅਤੇ ਮਾਮਲੇ ਨੂੰ 22 ਦਸੰਬਰ ਦੇ ਲਈ ਸੂਚੀ-ਬੱਧ ਕਰ ਦਿੱਤਾ ਹੈ।

# ਗਾਰਮੈਂਟ ਸ਼ਾਪ ਦੇ ਗੱਲੇ ਵਿੱਚੋਂ ਨੌਕਰ ਨੇ ਸਾਥੀ ਨਾਲ ਮਿਲਕੇ 6 ਲੱਖ ਰੁਪਏ ਚੁਰਾਏ

ਲੁਧਿਆਣਾ, 25 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਜੋਧੇਵਾਲ ਬਸਤੀ ਦੀ ਮੇਨ ਰੋਡ ਉਤੇ ਅਗਰਵਾਲ ਗਾਰਮੈਂਟਸ ਨਾਮੀ ਸ਼ਾਪ ਦੇ ਗੱਲੇ ਤੋਂ ਨੌਕਰ ਨੇ 6 ਲੱਖ ਰੁਪਏ ਚੋਰੀ ਕਰ ਲਏ। ਸਵੇਰੇ ਦੁਕਾਨ ਖੋਲ੍ਹਣ ’ਤੇ ਸ਼ਾਪ ਮਾਲਿਕ ਨੇ ਟੁੱਟਾ ਹੋਇਆ ਗੱਲਾ ਅਤੇ ਨਕਦੀ ਗਾਇਬ ਦੇਖੀ। ਉਹ 5-6 ਦਿਨ ਤੱਕ ਆਪਣੇ ਪੱਧਰ ’ਤੇ ਚੋਰ ਦੀ ਤਲਾਸ਼ ਕਰਦਾ ਰਿਹਾ ਅਤੇ ਪਤਾ ਚਲਣ ’ਤੇ ਉਸ ਨੇ ਥਾਣਾ ਦਰੇਸੀ ਦੀ ਪੁਲਸ ਨੂੰ ਸੂਚਨਾ ਦਿੱਤੀ ਹੈ।

ਦੁਕਾਨ ਮਾਲਕ ਲਸ਼ਮਣ ਦਾਸ ਵਾਸੀ ਬਸਤੀ ਜੋਧੇਵਾਲ ਨੇ ਦੱਸਿਆ ਕਿ ਦੀਵਾਲੀ ਨੂੰ ਮਿਲਾ ਕੇ ਕਰੀਬ 6 ਦਿਨ ਦੀ ਵਿਕਰੀ ਉਸ ਨੇ ਦੁਕਾਨ ਦੇ ਗੱਲੇ ਵਿੱਚ ਰੱਖੀ ਹੋਈ ਸੀ, ਪਰ 16 ਨਵੰਬਰ ਨੂੰ ਜਦੋਂ ਉਸ ਨੇ ਦੁਕਾਨ ਖੋਲ੍ਹੀ ਤਾਂ ਦੇਖਿਆ ਕਿ ਗੱਲਾ ਟੁਟਾ ਹੋਇਆ ਹੈ ਅਤੇ ਨਕਦੀ ਚੋਰੀ ਹੋ ਚੁੱਕੀ ਹੈ ਅਤੇ ਦੁਕਾਨ ਦੇ ਅੰਦਰ ਲੱਗੇ ਸੀ ਸੀ ਟੀ ਵੀ ਕੈਮਰੇ ਦਾ ਡੀ ਵੀ ਆਰ ਗਾਇਬ ਹੈ। ਜਦੋਂ ਉਸ ਨੂੰ ਛਾਣ-ਬੀਣ ਦੇ ਬਾਅਦ ਵਿਸ਼ਵਾਸ ਹੋ ਗਿਆ ਕਿ ਚੋਰੀ ਦੀ ਵਾਰਦਾਤ ਸਾਹਿਲ ਨੇ ਕੀਤੀ ਹੈ ਤਾਂ ਉਸ ਨੇ ਪੁਲਸ ਨੂੰ ਸੂਚਨਾ ਦਿੱਤੀ।ਥਾਣਾ ਦਰੇਸੀ ਦੇ ਇੰਚਾਰਜ ਦਵਿੰਦਰ ਸਿੰਘ ਨੇ ਦੱਸਿਆ ਕਿ ਦੁਕਾਨ ਵਿੱਚ ਕੰਮ ਕਰਨ ਵਾਲੇ ਸਾਹਿਲ ਨੇ ਆਪਣੇ ਸਾਥੀ ਨਾਲ ਮਿਲਕੇ ਚੋਰੀ ਕੀਤੀ ਹੈ। 5-6 ਦਿਨ ਬਾਅਦ ਦੁਕਾਨ ਮਾਲਕ ਨੇ ਪੁਲਸ ਨੂੰ ਸੂਚਨਾ ਦਿੱਤੀ ਹੈ ਜਿਸ ਕਾਰਨ ਵਾਰਦਾਤ ਦੇ 7 ਦਿਨ ਬਾਅਦ ਕੇਸ ਦਰਜ ਕੀਤਾ ਗਿਆ ਹੈ। ਪੁਲਸ ਕੇਸ ਨੂੰ ਹੱਲ ਕਰਨ ਦੇ ਨਜ਼ਦੀਕ ਹੈ। ਦੋਸ਼ੀ ਦੀ ਤਾਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਨੇ ਦੁਕਾਨ ਮਾਲਕ ਦੇ ਬਿਆਨ ਉਤੇ ਸਾਹਿਲ ਅਤੇ ਉਸ ਦੇ ਦੋਸਤ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਸਾਹਿਲ ਨੇ ਦੁਕਾਨ ਅੰਦਰ ਜਾਣ ਲਈ ਡੁਪਲੀਕੇਟ ਚਾਬੀ ਦਾ ਇਸਤੇਮਾਲ ਕੀਤਾ। ਪਿਛਲੇ ਰਸਤੇ ਤੋਂ ਉਹ ਦੁਕਾਨ ਵਿੱਚ ਗਿਆ ਸੀ। ਹੈਬੋਵਾਲ ਦਾ ਰਹਿਣ ਵਾਲਾ ਸਾਹਿਲ ਕਰੀਬ 1 ਸਾਲ ਤੋਂ ਦੁਕਾਨ ਵਿੱਚ ਕੰਮ ਕਰ ਰਿਹਾ ਸੀ, ਇਸ ਕਾਰਨ ਉਹ ਦੁਕਾਨ ਦੇ ਹਰ ਰਸਤੇ ਤੇ ਹਰ ਹਰਕਤ ਤੋਂ ਵਾਕਿਫ ਸੀ।

# ਚੀਨ ਸਰਕਾਰ ਦੇ ਸਲਾਹਕਾਰ ਨੇ ਬਾਈਡੇਨ ਨੂੰ ‘ਸਭ ਤੋਂ ਕਮਜ਼ੋਰ ਰਾਸ਼ਟਰਪਤੀ’ ਦੱਸਿਆ

ਪੇਈਚਿੰਗ , 25 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡੇਨ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਚੀਨ ਨੇ ਉਨ੍ਹਾਂ ’ਤੇ ਕਰਾਰਾ ਹਮਲਾ ਬੋਲਿਆ ਹੈ। ਚੀਨ ਸਰਕਾਰ ਦੇ ਸਲਾਹਕਾਰ ਝੇਂਗ ਯੋਂਗਸ਼ੀਯ ਨੇ ਕਿਹਾ ਕਿ ਬਾਈਡੇਨ ਪ੍ਰਸ਼ਾਸਨ ਦੇ ਦੌਰਾਨ ਚੀਨ ਅਤੇ ਅਮਰੀਕਾ ਵਿਚਾਲੇ ਸਬੰਧਾਂ ’ਚ ਕੋਈ ਸੁਧਾਰ ਹੋਣ ਵਾਲਾ ਨਹੀਂ, ਚੀਨ ਨੂੰ ਇੱਕ ਮੁਸ਼ਕਲ ਦੌਰ ਲਈ ਤਿਆਰ ਰਹਿਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਯਕੀਨੀ ਤੌਰ ਉਤੇ ਜੋਅ ਬਾਈਡੇਨ ਅਮਰੀਕਾ ਦੇ ਸਭ ਤੋਂ ਕਮਜ਼ੋਰ ਰਾਸ਼ਟਰਪਤੀ ਹਨ ਅਤੇਉਨ੍ਹਾਂ ਦੇ ਸਾਹਮਣੇ ਘਰੇਲੂ ਅਤੇ ਡਿਪਲੋਮੈਟ ਮੋਰਚੇ ਉੱਤੇ ਅਨੇਕ ਭਿਆਨਕ ਚੁਣੌਤੀਆਂ ਖੜੀਆਂ ਹਨ।ਝੇਂਗ ਨੇ ਅੰਡਰ ਸਟੈਂਡਿੰਗ ਚਾਈਨਾ ਕਾਨਫਰੰਸ ਵਿੱਚ ਇੱਕ ਇੰਟਰਵਿਊ ’ਚ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਚੰਗੇ ਦਿਨ ਖ਼ਤਮ ਹੋ ਗਏ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਕਈ ਸਾਲਾਂ ਤੱਕ ਕੋਲਡ ਵਾਰ ਦੀ ਮਾਨਸਿਕਤਾ ਨਾਲ ਜਿਊਣਾ ਚਾਹੁੰਦਾ ਹੈ। ਉਸ ਨੇ ਚੀਨ ਨਾਲ ਵੀ ਇੱਕ ਨਵੀਂ ਕੋਲਡ ਵਾਰ ਸ਼ੁਰੂ ਕੀਤੀ ਹੋਈ ਹੈ। ਝੇਂਗ ਨੇ ਕਿਹਾ ਕਿ ਕੋਵਿਡ-19 ਦੇ ਸੰਚਾਲਨ, ਅਮਰੀਕਾ ਅਤੇ ਚੀਨ ਵਪਾਰ ਅਤੇ ਮਨੁੱਖੀ ਅਧਿਕਾਰ ਸਮੇਤ ਅਜਿਹੇ ਸਾਰੇ ਮੁੱਦੇ ਹਨ, ਜਿੱਥੇ ਦੋਨਾਂ ਦੇਸ਼ਾਂ ਵਿਚਾਲੇ ਟਕਰਾਅ ਬਣਿਆ ਰਹੇਗਾ।







NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

FREE ASSIGNMENT

PERMISSION TO LEASE DURING OCCUPANCY

CAPPED DEVELOPMENT CHARGERS

QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

